# 4
# ਭਲਾ ਅਸੀਂ ਬਾਈਬਲ ਨੂੰ ਇੱਕੋ ਜਿਹਾ ਸਮਝ ਸਕਦੇ ਹਾਂ

ਇਹ ਇਕ ਦੁੱਖਦਾਈ ਸੱਚਾਈ ਹੈ ਕਿ ਲੋਕ ਬਾਈਬਲ ਦਾ ਅਧਿਐਨ ਬਹੁਤ ਹੀ ਘੱਟ ਕਰਦੇ ਹਨ। ਬਹੁਤੇ ਲੋਕ ਖ਼ੁਦਾ ਦੇ ਵਚਨ ਨੂੰ ਨਾ ਪੜ੍ਹਦੇ ਅਤੇ ਨਾ ਇਹਦਾ ਅਧਿਐਨ ਕਰਦੇ ਹਨ। ਇਹਦੇ ਕਈ ਕਾਰਣ ਹਨ: (1) ਉਦਾਸੀਨਤਾ ਕਰਕੇ ਉਹ ਇਸ ਨੂੰ ਪੜ੍ਹ ਨਹੀਂ ਪਾਉਂਦੇ। ਬਹੁਤੇ ਲੋਕ ਬਾਈਬਲ ਪ੍ਰਤੀ ਬਿਲਕੁਲ ਉਦਾਸੀਨ ਹਨ। ਉਨ੍ਹਾਂ ਨੂੰ ਇਸ ਗੱਲ ਦੀ ਪਰਵਾਹ ਨਹੀਂ ਕਿ ਇਹ ਸੱਚੀ ਹੈ ਜਾਂ ਨਹੀਂ, ਉਨ੍ਹਾਂ ਦੀ ਇਸ ਵਿਚ ਕੋਈ ਦਿਲਸਚਪੀ ਨਹੀਂ ਹੈ। (2) ਹੋਰ ਲੋਕ ਧਾਰਮਿਕ ਵਿਸ਼ਿਆਂ ਵਿਚ ਥੋੜ੍ਹੀ ਬਹੁਤ ਦਿਲਸਚਪੀ ਲੈਂਦੇ ਹਨ ਪਰ ਉਹ ਬਾਈਬਲ ਦਾ ਅਧਿਐਨ ਇਸ ਲਈ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਇਹਦੀ ਅਹਿਮੀਅਤ ਦਾ ਅਹਿਸਾਸ ਨਹੀਂ ਹੈ। ਉਨ੍ਹਾਂ ਅਜਿਹੇ ਭੋਜਨ ਨੂੰ ਖਾਣ ਦੀ ਆਦਤ ਨਹੀਂ ਪਾਈ। (3) ਅਜਿਹੇ ਲੋਕ ਵੀ ਹਨ ਜੋ ਖ਼ੁਦਾ ਦੀ ਸੱਚਾਈ ਦੇ ਸ਼ੀਸ਼ੇ ਸਾਹਮਣੇ ਆਉਣਾ ਨਹੀਂ ਚਾਹੁੰਦੇ ਕਿ ਕਿਤੇ ਉਨ੍ਹਾਂ ਦਾ ਘਿਣਾਉਣਾ ਚਿਹਰਾ ਨਜ਼ਰ ਨਾ ਆ ਜਾਵੇ। ਉਨ੍ਹਾਂ ਨੂੰ ਆਪਣੀ ਸ਼ਕਲ ਸ਼ੀਸ਼ੇ ਵਿਚ ਵੇਖਣੀ ਚੰਗੀ ਨਹੀਂ ਲਗਦੀ। (4) ਇਕ ਹੋਰ ਤਰ੍ਹਾਂ ਦੇ ਲੋਕ ਹਨ ਜੋ ਬਾਈਬਲ ਦਾ ਅਧਿਐਨ ਇਸ ਲਈ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੇ ਦਿਮਾਗ਼ 'ਚ ਇਹ ਗੱਲ ਬੈਠੀ ਹੋਈ ਹੈ ਕਿ ਇਹਨੂੰ ਸਮਝਿਆ ਨਹੀਂ ਜਾ ਸਕਦਾ।

ਬਾਈਬਲ ਦੇ ਸਮਝਣ ਦੀ ਗੱਲ ਕਰਦੇ ਸਾਡਾ ਇਹ ਪਾਠ ਜ਼ਿਆਦਾਤਰ ਚੌਥੀ ਕਿਸਮ ਦੇ ਲੋਕਾਂ 'ਤੇ ਕੇਂਦ੍ਰਿਤ ਰਹੇਗਾ।

## ਭਲਾ ਅਸੀਂ ਇਸ ਨੂੰ ਸਮਝ ਸਕਦੇ ਹਾਂ?

ਇਹ ਖਿਆਲ ਕਿ ਬਾਈਬਲ ਨੂੰ ਸਮਝਿਆ ਨਹੀਂ ਜਾ ਸਕਦਾ ਹੈ, ਰੋਮਨ ਕੈਥੋਲਿਕ ਪਾਦਰੀਆਂ (ਕਲਰਜੀ) ਦੀ ਕਾਢ ਹੈ। ਇਸ ਥਿਊਰੀ ਦੀ ਕਾਢ ਲੋਕਾਂ ਨੂੰ ਉਨ੍ਹਾਂ ਦੀ ਅਜ਼ਾਦੀ ਤੋਂ ਵਾਂਝਿਆਂ ਰੱਖਣ ਲਈ ਯਾਜਕਾਂ [ਪਾਦਰੀ ਲੋਕਾਂ] ਨੇ ਹੀ ਕੱਢੀ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਬਾਈਬਲ ਆਮ ਲੋਕਾਂ ਵਾਸਤੇ ਨਹੀਂ ਹੈ, ਭਾਵ ਇਹ ਕਿ ਇਹਦੀ ਅਧਿਕਾਰਤ ਵਿਆਖਿਆ ਲਈ ਉਨ੍ਹਾਂ ਨੂੰ ਗਿਰਜੇ ਆਉਣਾ ਜ਼ਰੂਰੀ ਹੈ। ਇੰਜ ਉਨ੍ਹਾਂ ਆਪਣੇ ਮੈਂਬਰਾਂ ਨੂੰ ਇਕ ਲਚਾਰ ਪਰਜਾ ਬਣਾ ਦਿੱਤਾ ਹੈ।

ਬਾਈਬਲ ਸਪੱਸ਼ਟ ਕਰਦੀ ਹੈ ਕਿ ਇਸ ਨੂੰ ਗਿਣੇ ਚੁਣੇ ਗੁਸਤਾਖ਼ ਅਧਿਕਾਰੀਆਂ ਵਾਸਤੇ ਹੀ ਨਹੀਂ ਸਗੋਂ ਸਭ ਲੋਕਾਂ ਲਈ ਦਿੱਤਾ ਗਿਆ ਹੈ। ਮਸੀਹੀ ਲੋਕਾਂ ਨੂੰ ''ਮਸੀਹ ਦੇ ਵਚਨ ਨੂੰ ਆਪਣੇ ਦਿਲ ਵਿਚ ਤਕੜੇ ਢੰਗ ਨਾਲ ਵੱਸਣ'' ਦੇਣ ਦਾ ਹੁਕਮ ਦਿੱਤਾ ਗਿਆ ਹੈ (ਕੁਲੁੱਸੀਆਂ 3:16)। ਸਾਨੂੰ ''ਨਵੇਂ ਜੰਮੇ ਬੱਚਿਆਂ ਵਾਂਗੂੰ ਨਿਰਮਲ ਆਤਮਿਕ ਦੁੱਧ ਦੀ ਲਾਲਸਾ'' ਕਰਨ ਦੀ ਸਿੱਖਿਆ ਹੈ (1 ਪਤਰਸ 2:2)। ਪੌਲੁਸ ਨੇ ਕਿਹਾ ਕਿ ਬਾਈਬਲ ਸਾਨੂੰ ਹਦਾਇਤ ਦੇਣ ਲਈ ਦਿੱਤੀ ਗਈ ਹੈ (ਰੋਮੀਆਂ 15:4; 1 ਕੁਰਿੰਥੀਆਂ 10:11)। ਉਹਨੇ ਹੁਕਮ ਦਿੱਤਾ ਸੀ ਕਿ ਉਹਦੀ ਪੱਤਰੀ ਸਭ ਸੰਤਾਂ ਵਿਚ ਪੜ੍ਹੀ ਜਾਵੇ (1 ਥੱਸਲੁਨੀਕੀਆਂ 5:27)। ਜੇ ਬਾਈਬਲ ਆਮ ਲੋਕਾਂ ਵਾਸਤੇ ਨਹੀਂ ਹੈ ਤਾਂ ਇਨ੍ਹਾਂ ਗੱਲਾਂ ਤੋਂ ਕੀ ਭਾਵ ਹੈ? ਕੀ ਖ਼ੁਦਾ ਨੇ ਸਾਨੂੰ ਕੋਈ ਅਜਿਹੀ ਗੱਲ ਪੜ੍ਹਨ ਦੀ ਆਗਿਆ ਦਿੱਤੀ ਹੈ ਜਿਹਨੂੰ ਅਸੀਂ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ? ਜੇ ਇਹ ਗੱਲ ਹੈ, ਤਾਂ ਇਨ੍ਹਾਂ ਦੋ ਗੱਲਾਂ ਵਿੱਚੋਂ ਇਕ ਸਹੀ ਹੋਵੇਗੀ ਕਿ ਜਾਂ ਤਾਂ ਖ਼ੁਦਾ ਸਾਨੂੰ ਅਜਿਹੀ ਲਿਖਤ ਨਹੀਂ ਦੇ ਸਕਿਆ ਜਿਹਨੂੰ ਅਸੀਂ ਸਮਝ ਸਕਦੇ ਜਾਂ ਉਹਨੇ ਦਿੱਤੀ ਨਹੀਂ। ਇਹ ਕਹਿਣਾ ਕਿ ਉਹ ਦੇ ਨਹੀਂ ਸਕਦਾ ਉਹਦੀ ਸਮਝ 'ਤੇ ਦੋਸ਼ ਲਗਾਉਣਾ ਅਤੇ ਇਹ ਕਹਿਣਾ ਹੈ ਕਿ ਉਹਨੇ ਦੇਣਾ ਨਹੀਂ ਚਾਹਿਆ, ਉਸ ਦੇ ਭਲਾ ਹੋਣ ਦਾ ਇਨਕਾਰ ਕਰਨਾ ਹੈ। ਯਕੀਨਨ ਹੀ ਅਸੀਂ ਨਹੀਂ ਮੰਨ ਸਕਦੇ ਕਿ ਇਹ ਜਾਣਦੇ ਹੋਏ ਕਿ ਲੋਕ ਇਸ ਨੂੰ ਸਮਝਣਗੇ ਨਹੀਂ, ਖ਼ੁਦਾ ਸਾਨੂੰ ਅਜਿਹਾ ਮੁਕਾਸ਼ਫ਼ਾ ਦੇ ਕੇ ਉਹਨੂੰ ਪੜ੍ਹਨ ਦਾ ਹੁਕਮ ਦੇਣਾ ਸੀ।

## ਭਲਾ ਅਸੀਂ ਇਸ ਨੂੰ ਇੱਕੋ ਹੀ ਤਰ੍ਹਾਂ ਸਮਝ ਸਕਦੇ ਹਾਂ?

ਕੁਝ ਲੋਕ ਇਹ ਤਾਂ ਮੰਨਦੇ ਹਨ ਕਿ ਬਾਈਬਲ ਨੂੰ ਸਮਝਿਆ ਜਾ ਸਕਦਾ ਹੈ, ਪਰ ਜ਼ੋਰ ਦਿੰਦੇ ਹਨ ਕਿ ਇਸ ਨੂੰ ਇੱਕੋ ਹੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ। ਇਹ ਉਹੋ ਜਿਹਾ ਹੀ ਵਿਚਾਰ ਹੈ ਜਿਹਦੀ ਗੱਲ ਅਸਾਂ ਪਹਿਲਾਂ ਕੀਤੀ ਸੀ, ਪਰ ਇਹ ਉਹਦਾ ਸੋਧਿਆ ਰੂਪ ਹੈ। ਇਹ ਉਹੀ ਵਿਵਾਦ ਹੈ ਜੋ ਯਾਜਕਾਂ ਨੇ ਬਾਈਬਲ ਨੂੰ ਸਮਝਣ ਦੀ ਸਾਡੀ ਯੋਗਤਾ ਬਾਰੇ ਬਣਾਇਆ ਹੈ। ਸਾਡੀਆਂ ਪਹਿਲੀਆਂ ਕਹੀਆਂ ਗੱਲਾਂ ਇੱਥੇ ਫੇਰ ਲਾਗੂ ਹੁੰਦੀਆਂ ਹਨ ਕਿ ਜੇ ਖ਼ੁਦਾ ਨੇ ਸਾਨੂੰ ਅਜਿਹਾ ਪ੍ਰਕਾਸ਼ ਜਾਂ ਮੁਕਾਸ਼ਫ਼ਾ ਨਹੀਂ ਦਿੱਤਾ ਜਿਹਨੂੰ ਅਸੀਂ ਇੱਕੋ ਜਿਹਾ ਸਮਝ ਸਕੀਏ, ਤਾਂ ਜਾਂ ਤਾਂ ਉਹ ਦੇ ਨਹੀਂ ਸਕਦਾ ਜਾਂ ਉਹਨੇ ਦਿੱਤਾ ਨਹੀਂ।

ਯਕੀਨਨ ਹੀ ਖ਼ੁਦਾ ਅਜਿਹਾ ਸੰਦੇਸ਼ ਦੇ ਸਕਦਾ ਹੈ ਜਿਸ ਨੂੰ ਸਮਝਿਆ ਜਾ ਸਕਦਾ ਹੋਵੇ; ਅਤੇ ਜੇ ਅਸੀਂ ਉਹਨੂੰ ਸਮਝ ਸਕਦੇ ਹਾਂ ਤਾਂ ਉਨ੍ਹਾਂ ਨੂੰ ਇੱਕੋ ਹੀ ਤਰ੍ਹਾਂ ਸਮਝਣਾ ਚਾਹੀਦਾ ਹੈ। ਇਹ ਤਾਂ ਹੋ ਸਕਦਾ ਹੈ ਕਿ ਕੋਈ ਬਾਈਬਲ ਨੂੰ ਗ਼ਲਤ ਢੰਗ ਨਾਲ ਸਮਝੇ, ਪਰ ਇਹ ਨਹੀਂ ਹੋ ਸਕਦਾ ਕਿ ਅਸੀਂ ਇਸ ਨੂੰ ਵੱਖਰੇ ਢੰਗ ਰਾਹੀਂ ਸਮਝੀਏ।

ਸਾਨੂੰ ਇਹ ਨਿਚੋੜ ਕੱਢਣਾ ਹੀ ਪੈਂਦਾ ਹੈ ਕਿ ਜੇ ਖ਼ੁਦਾ ਨੇ ਅਜਿਹਾ ਮੁਕਾਸ਼ਫ਼ਾ ਨਹੀਂ ਦਿੱਤਾ ਜਿਸ ਨੂੰ ਅਸੀਂ ਇੱਕੋ ਹੀ ਤਰ੍ਹਾਂ ਸਮਝ ਸਕਦੇ, ਤਾਂ ਇਹ ਇਸ ਲਈ ਸੀ ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਅਸੀਂ ਇਸ ਨੂੰ ਸਮਝੀਏ। ਪਰ ਉਹ ਚਾਹੁੰਦਾ ਹੈ ਕਿ ਅਸੀਂ ਇਸ ਨੂੰ ਸਮਝੀਏ। ਉਹ ਚਾਹੁੰਦਾ ਹੈ ਕਿ ਲੋਕ ਇੱਕੋ ਹੀ ਗੱਲ ਨਾਲ ਸਹਿਮਤ ਹੋਣ। ਨਵਾਂ ਨੇਮ ਏਕਤਾ ਲਈ ਬੇਨਤੀ ਕਰਦਾ ਹੈ (ਯੂਹੰਨਾ 17:21; 1 ਕੁਰਿੰਥੀਆਂ 1:10)।

ਇੱਕੋ ਤਰ੍ਹਾਂ ਸਮਝੇ ਬਗ਼ੈਰ ਏਕਤਾ ਹੋ ਸਕਦੀ ਹੈ? *ਨਹੀਂ* ''ਜੇਕਰ ਦੋ ਮਨੁੱਖ ਪਰਸਪਰ ਸਹਿਮਤ ਨਾ ਹੋਣ ਤਾਂ ਕੀ ਉਹ ਇਕੱਲੇ ਚੱਲ ਸਕਣਗੇ?'' (ਆਮੋਸ 3:3)। ਇਸ ਲਈ ਏਕਤਾ

ਲਈ ਬਾਈਬਲ ਦੀ ਦਲੀਲ ਜ਼ੋਰ ਦਿੰਦੀ ਹੈ ਕਿ ਖ਼ੁਦਾ ਸਾਥੋਂ ਬਾਈਬਲ ਪੜ੍ਹਨ ਅਤੇ ਇਸ ਨੂੰ ਸਮਝਣ ਦੀ ਉਮੀਦ ਕਰਦਾ ਹੈ ਅਤੇ ਇਹਦਾ ਮਤਲਬ ਇਹ ਹੈ ਕਿ ਖ਼ੁਦਾ ਸਾਥੋਂ ਇਸ ਨੂੰ ਇੱਕੋ ਹੀ ਤਰ੍ਹਾਂ ਸਮਝਣ ਦੀ ਉਮੀਦ ਕਰਦਾ ਹੈ। ਕੀ ਖ਼ੁਦਾ ਕਿਸੇ ਪ੍ਰਚਾਰਕ ਨੂੰ ਪੁਲਪਿਟ 'ਤੇ ਖੜਾ ਹੋ ਕੇ ਨਵੀਆਂ ਨਵੀਆਂ ਯੋਜਨਾਵਾਂ ਬਣਾਉਣ ਦੀ ਇਜਾਜ਼ਤ ਦੇਵੇਗਾ? ਜੇ ਇਹ ਇਜਾਜ਼ਤ ਇਕ ਪ੍ਰਚਾਰਕ ਨੂੰ ਨਹੀਂ ਹੈ ਤਾਂ ਦਸ ਵੱਖ-ਵੱਖ ਆਦਮੀਆਂ ਦੀ ਮੁਕਤੀ ਦੀਆਂ ਦਸ ਵੱਖ-ਵੱਖ ਯੋਜਨਾਵਾਂ ਦੱਸਣ ਦੀ ਇਜਾਜ਼ਤ ਕਿਵੇਂ ਦੇ ਸਕਦਾ ਹੈ?

## ਧਾਰਮਿਕ ਭਿੰਨਤਾਵਾਂ ਕਿਉਂ ਹਨ?

ਕੋਈ ਜ਼ੋਰ ਦੇ ਕੇ ਆਖ ਸਕਦਾ ਹੈ ਕਿ ਸਾਡੇ ਵਿਚ ਪਾਏ ਜਾਣ ਵਾਲੇ ਫ਼ਰਕ ਇਸ ਗੱਲ ਦਾ ਸਬੂਤ ਹਨ ਕਿ ਅਸੀਂ ਬਾਈਬਲ ਨੂੰ ਇੱਕੋ ਤਰ੍ਹਾਂ ਨਹੀਂ ਵੇਖ ਸਕਦੇ। ਭਲਾ ਇਹ ਸਹੀ ਹੈ? ਸਾਡੇ ਵਿਚ ਪਾਏ ਜਾਣ ਵਾਲੇ ਕੁਝ ਫ਼ਰਕ ਕੀ ਹਨ?

ਧਾਰਮਿਕ ਜਗਤ ਧਾਰਮਿਕ ਅਕੀਦਿਆਂ ਦੇ ਅਧਾਰ 'ਤੇ ਵੰਡਿਆ ਹੋਇਆ ਹੈ। ਕਿਹੜੇ ਧਾਰਮਿਕ ਅਕੀਦੇ? ਕੀ ਉਹ ਧਾਰਮਿਕ ਅਕੀਦੇ ਬਾਈਬਲ ਹਨ? ਕੀ ਬਾਈਬਲ ਨੂੰ ਧਾਰਮਿਕ ਅਕੀਦੇ ਮੰਨਣ ਤੋਂ ਕਿਸੇ ਨੂੰ ਇਤਰਾਜ਼ ਹੈ? ਨਹੀਂ।

ਮਸੀਹ ਦੇ ਪਿੱਛੇ ਚੱਲਣ ਵਾਲੇ ਹੋਣ ਦਾ ਦਾਅਵਾ ਕਰਨ ਵਾਲੇ ਲੋਕ ਨਾਂਵਾਂ ਵਿਚ ਵੰਡੇ ਹੋਏ ਹਨ। ਕਿਹੜੇ ਨਾਂਅ? ''ਮਸੀਹੀ'' ਨਾਂਅ ਤੇ? ਨਹੀਂ। ਇਹ ਫੁੱਟ ਤਾਂ ਉਨ੍ਹਾਂ ਨਾਂਵਾਂ ਕਰਕੇ ਹੈ ਜੋ ਬਾਈਬਲ ਵਿਚ ਨਹੀਂ ਮਿਲਦੇ।

ਬੰਦਗੀ ਕਰਨ ਵਾਲੇ ਵੀ ਇਸੇ ਤਰ੍ਹਾਂ ਵੰਡੇ ਹੋਏ ਹਨ ਕਿ ਬਪਤਿਸਮਾ ਕਿਵੇਂ ਹੋਣਾ ਚਾਹੀਦਾ ਹੈ ... ਕਈ ਲੋਕ ਡੁਬਕੀ ਨਾਲ, ਕਈ ਤਰੌਂਕੇ ਨਾਲ ਅਤੇ ਹੋਰ ਸਿਰ 'ਤੇ ਪਾਣੀ ਡੋਲ੍ਹ ਕੇ ਬਪਤਿਸਮਾ ਦੇਣਾ ਸਿਖਾਉਂਦੇ ਹਨ। ਇਨ੍ਹਾਂ ਵਿੱਚੋਂ ਅਸੀਂ ਕਿਸ ਵਿਚ ਵੰਡੇ ਹੋਏ ਹਾਂ? ਭਲਾ ਕਿਸੇ ਨੂੰ ਬਪਤਿਸਮੇ ਵਿਚ ਦਫ਼ਨਾਏ ਜਾਣ 'ਤੇ ਇਤਰਾਜ਼ ਹੈ? (ਕੁਲੁੱਸੀਆਂ 2:12.) ਨਹੀਂ। ਫੁੱਟ ਉਨ੍ਹਾਂ ਰਵਾਇਤਾਂ ਬਾਰੇ ਹੈ ਜੋ ਬਾਈਬਲ ਵਿਚ ਨਹੀਂ ਹਨ। ਉਨ੍ਹਾਂ ਸਿੱਖਿਆਵਾਂ 'ਤੇ ਨਹੀਂ ਜੋ ਖ਼ੁਦਾ ਦੇ ਵਚਨ ਵਿਚ ਹਨ।

## ਸਾਰ

ਆਪਣੀ ਬਾਈਬਲ ਪੜ੍ਹੋ ਅਤੇ ਇਹਦਾ ਅਧਿਐਨ ਕਰੋ। ਤੁਸੀਂ ਵੇਖੋਗੇ ਕਿ ਇਹ ''[ਤੁਹਾਡੇ] ਪੈਰਾਂ ਲਈ ਦੀਪਕ ਅਤੇ [ਤੁਹਾਡੇ] ਮਾਰਗ ਲਈ ਉਜਿਆਲਾ'' ਹੈ (ਜ਼ਬੂਰ 119:105)। ਜਿੰਨਾਂ ਤੁਸੀਂ ਇਹਨੂੰ ਪੜ੍ਹੋਗੇ ਅਤੇ ਇਹਦਾ ਅਧਿਐਨ ਕਰੋਗੇ ਓਨਾਂ ਹੀ ਇਹਨੂੰ ਸਮਝਣ ਲੱਗ ਪਓਗੇ। ''ਨਵੇਂ ਜੰਮੇ ਹੋਏ ਬੱਚਿਆਂ ਵਾਂਗੂੰ ਨਿਰਮਲ ਆਤਮਿਕ ਦੁੱਧ ਦੀ ਲੋਚ ਕਰੋ'' (1 ਪਤਰਸ 2:2)।

ਬਾਈਬਲ ਦੇ ਸੰਪੂਰਣ ਹੋਣ ਨੂੰ ਮੰਨ ਲਓ। ਇਸ ਨਾਲ ਅਤੇ ਸਿਰਫ਼ ਇਸ ਨਾਲ ਹੀ ਸੰਤੁਸ਼ਟ ਹੋਵੋ। ਉਨ੍ਹਾਂ ਰਵਾਇਤਾਂ ਨਾਲ ਨਾ ਮੋਹੇ ਜਾਓ ਜਿਨ੍ਹਾਂ ਦਾ ਜ਼ਿਕਰ ਬਾਈਬਲ ਵਿਚ ਨਹੀਂ ਹੈ, ਕਿਉਂਕਿ ਨਾਸਮਝੀ ਅਤੇ ਫੁੱਟ ਦਾ ਸਭ ਤੋਂ ਵੱਡਾ ਕਾਰਣ ਉਹੀ ਹਨ। ਬਾਈਬਲ ਤੋਂ ਸੰਤੁਸ਼ਟ ਹੋਵੋ!